ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ

(ਸਥਾਨਕ ਸਰਕਾਰ-2 ਸ਼ਾਖਾ)

(ਪੰਜਾਬ ਮਿਉਂਸਪਲ ਭਵਨ, ਪਲਾਟ ਨੰ:3,ਸੈਕਟਰ-35 ਏ, ਚੰਡੀਗੜ੍ਹ)

ਸੇਵਾ ਵਿਖੇ,

1) ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ ਚੰਡੀਗੜ੍ਹ, Dispatched with Email

2) ਜ਼ਿਲਿਆਂ ਦੇ ਸਮੂਹ ਡਿਪਟੀ ਕਮਿਸ਼ਨਰ,

3) ਸਮੂਹ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ/ਜਨਰਲ),

4) ਸਮੂਹ ਨਗਰ ਸੁਧਾਰ ਟਰੱਸਟਾਂ ਦੇ ਚੈਅਰਮੈਨ, ਕਾਰਜ ਸਾਧਕ ਅਫਸਰ।
(ਪੰਜਾਬ ਰਾਜ ਵਿੱਚ)

ਮੀਮੋ ਨੰ: 09/01/2024-4ਸਸ2/619-622

ਮਿਤੀ,ਚੰਡੀਗੜ੍ਹ: 01-04-2026

ਵਿਸ਼ਾ:- ਨਗਰ ਸੁਧਾਰ ਟਰਸਟਾਂ ਵੱਲੋ ਅਲਾਟ ਕੀਤੀਆਂ ਜਾਇਦਾਦਾਂ ਜਿਨ੍ਹਾਂ ਦੀ ਅਲਾਟਮੈਂਟ ਪੱਤਰ ਅਨੁਸਾਰ ਰਹਿੰਦੀ ਬਕਾਇਆ ਰਕਮ ਅਲਾਟੀਆਂ ਵੱਲੋਂ ਮਿੱਥੇ ਸਮੇਂ ਅੰਦਰ ਜਮ੍ਹਾਂ ਨਹੀ ਕਰਵਾਈ ਗਈ, ਉਨ੍ਹਾਂ ਜਾਇਦਾਦਾਂ ਦੀ ਰਹਿੰਦੀ ਬਕਾਇਆ ਰਕਮ ਜਮ੍ਹਾਂ ਕਰਵਾਕੇ ਜਾਇਦਾਦਾਂ ਨੂੰ ਰੈਗੂਲਰਾਈਜ਼ ਕਵਾਉਣ ਲਈ One Time Relaxation Policy ਵਿੱਚ ਮਿਤੀ 15-06-2026 ਤੱਕ ਵਾਧਾ ਕਰਨ ਸਬੰਧੀ।

ਨਗਰ ਸੁਧਾਰ ਟਰੱਸਟਾਂ ਵੱਲੋ ਆਪਣੀਆਂ ਵੇਚੀਆਂ ਹੋਈਆਂ ਜਾਇਦਾਦਾ,ਜਿਨ੍ਹਾਂ ਦੀ ਅਲਾਟਮੈਟ ਪੱਤਰ ਅਨੁਸਾਰ ਵੱਲੋਂ ਕਿਸੇ ਕਾਰਨਾਂ ਕਰਕੇ ਬਕਾਇਆ ਕਿਸ਼ਤਾਂ ਮਿੱਥੇ ਸਮੇਂ ਅੰਦਰ ਜਮਾਂ ਨਹੀ ਕਰਵਾਈਆਂ ਜਾ ਸਕੀਆਂ, ਇਸ ਤੋ ਇਲਾਵਾ **ਸਰਕਾਰ ਪੱਧਰ ਤੇ ਵਿਚਾਰਣ ਉਪਰੰਤ ਇਨ੍ਹਾਂ ਜਾਇਦਾਦਾਂ ਦੀ ਰਹਿੰਦੀ ਬਕਾਇਆ ਰਕਮ** ਜਮ੍ਹਾਂ **ਕਰਵਾਕੇ** ਜਾਇਦਾਦਾਂ ਨੂੰ ਰੈਗੂਲਰਾਈਜ਼ ਕਰਵਾਉਣ ਲਈ One Time Relaxation Policy. ਸਰਕਾਰ ਦੇ ਪੱਤਰ ਨੰ: 09/01/2024-4ਸਸ2/794-95 ਮਿਤੀ 16-04-2025 ਰਾਹੀ ਜਾਰੀ ਕੀਤੀ ਗਈ ਸੀ ਹੁਣ ਇਸ ਪਾਲਿਸੀ ਵਿੱਚ ਮਿਤੀ 30-04-2026 ਤੱਕ ਹੇਠ ਲਿਖਿਆਂ ਸ਼ਰਤਾਂ ਅਨੁਸਾਰ ਵਾਧਾ ਕੀਤਾ ਜਾਂਦਾ ਹੈ:-

1) ਇਹ ਛੋਟ ਕੇਵਲ ਉਹਨਾਂ ਕੇਸਾਂ ਤੇ ਲਾਗੂ ਹੋਵੇਗੀ, ਜਿੱਥੇ ਸਬੰਧਤ ਜਾਇਦਾਦਾਂ ਦੀ ਅਲਾਟਮੈਟ ਉਪਰੰਤ ਅਲਾਟੀ ਵੱਲੋਂ ਬੋਲੀ ਦੀ ਰਕਮ ਦਾ 1/4 ਹਿੱਸਾਂ ਜਮ੍ਹਾਂ ਕਰਵਾਇਆ ਗਿਆ ਹੋਵੇ।

2) ਅਲਾਟੀ ਵੱਲੋ ਬਕਾਇਆ ਰਹਿੰਦੀ ਰਕਮ ਤੇ ਸਮੇਂ-ਸਮੇਂ ਸਿਰ ਜਾਰੀ ਰੂਲਾਂ ਅਨੁਸਾਰ ਬਣਦੀ ਦਰ (ਸਾਧਾਰਨ ਵਿਆਜ/Simple Interest ਤੇ) ਅਤੇ ਰੈਸਟੋਰੇਸ਼ਨ ਚਾਰਜ਼ਿਸ, ਸਾਲ 2025-26 ਦੇ ਰਿਜ਼ਰਵ ਰੇਟ ਦੇ 2.5% ਹਿਸਾਬ ਨਾਲ ਜਮ੍ਹਾਂ ਕਰਵਾ ਕੇ ਆਪਣੀ ਜਾਇਦਾਦ ਨੂੰ ਰੈਗੂਲਰਾਈਜ਼ ਕਰਵਾ ਸਕਣਗੇ। Penalty/ ਪੀਨਲ ਵਿਆਜ ਤੇ ਮੁਕੰਮਲ ਛੋਟ ਦਿੱਤੀ ਜਾਂਦੀ ਹੈ।

3) ਅਲਾਟੀ ਵੱਲੋਂ ਇਸ ਪਾਲਿਸੀ ਅਧੀਨ ਲਾਭ ਲੈਣ ਲਈ ਆਪਣੀ ਪ੍ਰਤੀ-ਬੇਨਤੀ ਮਿਤੀ 30.04.2026 ਤੱਕ ਸਬੰਧਤ ਨਗਰ ਸੁਧਾਰ ਟਰੱਸਟ ਨੂੰ ਦਸਤੀ ਜਾਂ email-id ਤੇ ਭੇਜੀ ਜਾ ਸਕਦੀ ਹੈ।

4) ਟਰੱਸਟ ਵੱਲੋ ਅਲਾਟੀ ਦੀ ਪ੍ਰਾਪਤ ਹੋਈ ਪ੍ਰਤੀ-ਬੇਨਤੀ ਦਾ ਵੱਖਰੇ ਤੌਰ ਤੇ ਰਜਿਸਟਰ ਮੈਂਨਟੇਨ ਕੀਤਾ ਜਾਵੇ ਅਤੇ ਅਲਾਟੀ ਨੂੰ ਇਸਦੀ ਰਸੀਦ ਵੀ ਦਿੱਤੀ ਜਾਵੇ। ਟਰੱਸਟ ਵੱਲੋਂ 15-05-2026 ਤੱਕ ਰਹਿੰਦੀ ਬਕਾਇਆ ਰਕਮ ਦੀ ਕੈਲਕੁਲੇਸ਼ਨ ਕਰਕੇ ਲਿਖਤੀ ਰੂਪ ਵਿੱਚ ਅਲਾਟੀ ਨੂੰ ਸੂਚਿਤ ਕਰਨਾ ਯਕੀਨੀ ਬਣਾਇਆ ਜਾਵੇ। ਅਲਾਟੀ ਦੀ ਪ੍ਰਤੀ-ਬੇਨਤੀ First Come First Serve ਦੇ ਅਧਾਰ ਤੇ ਡੀਲ ਕੀਤੀ ਜਾਵੇ ।

5) ਮਿਤੀ 15-06-2026 ਤੱਕ ਅਲਾਟੀ ਰਹਿੰਦੀ ਬਕਾਇਆ ਰਕਮ ਨਗਰ ਸੁਧਾਰ ਟਰੱਸਟ ਵਿਖੇ ਜਮ੍ਹਾਂ ਕਰਵਾਉਣ ਦਾ ਪਾਬੰਦ ਹੋਵੇਗਾ।

6) ਇਸ ਪਾਲਿਸੀ ਦੀ ਮਿਆਦ ਖਤਮ ਹੋਣ ਤੇ ਤੁਰੰਤ ਬਾਅਦ ਨਿਯਮਾਂ ਅਨੁਸਾਰ ਜਾਇਦਾਦਾ ਕੈਂਸ਼ਲ ਕਰਨ, ਜ਼ਬਤ (Resume) ਕਰਨ ਅਤੇ ਸਬੰਧਤ ਜਾਇਦਾਦਾ ਦੇ ਕਬਜੇ ਮੁੜ ਪ੍ਰਾਪਤ ਕਰਨ ਸਬੰਧੀ ਕਾਰਵਾਈ ਕਰਨਾ, ਸਬੰਧਤ ਨਗਰ ਸੁਧਾਰ ਟਰੱਸਟ ਦੇ ਕਾਰਜ ਸਾਧਕ ਅਫਸਰ ਦੀ ਨਿੱਜੀ ਜ਼ਿੰਮੇਵਾਰੀ ਹੋਵੇਗੀ।

7) ਇਸ ਪਾਲਿਸੀ ਨੂੰ ਸਹੀ ਢੰਗ ਨਾਲ ਲਾਗੂ ਕਰਨ ਲਈ ਸਬੰਧਤ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਕਮੇਟੀ ਬਣਾਈ ਜਾਂਦੀ ਹੈ, ਜਿਸ ਵਿੱਚ ਵਧੀਕ ਡਿਪਟੀ ਕਮਿਸ਼ਨਰ,(ਸ਼ਹਿਰੀ ਵਿਕਾਸ/ਜਨਰਲ), ਸਬੰਧਤ ਕਾਰਜ ਸਾਧਕ ਅਫਸਰ ਅਤੇ ਸਬੰਧਤ ਲੇਖਾਕਾਰ ਸ਼ਾਮਲ ਹੋਣਗੇ। ਇਸ ਕਮੇਟੀ ਵੱਲੋਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਇਸ ਪਾਲਿਸੀ ਦਾ ਲਾਭ ਯੋਗ ਅਲਾਟੀਆਂ ਨੂੰ ਪਹੁੰਚੇ ਅਤੇ ਜੇਕਰ ਇਸ ਸਬੰਧੀ ਉਨ੍ਹਾਂ ਨੂੰ ਕੋਈ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਉਸ ਦਾ ਸਮੇਂ ਸਿਰ ਨਿਪਟਾਰਾ ਕੀਤਾ ਜਾਵੇ।

8) ਜਿਨਾਂ ਜਾਇਦਾਦਾਂ ਨੂੰ (Resume) ਕੀਤਾ ਜਾ ਚੁੱਕਾ ਹੈ, ਉਹਨਾਂ ਕੇਸਾਂ ਤੇ ਇਹ ਪਾਲਿਸੀ ਲਾਗੂ ਨਹੀ ਹੋਵੇਗੀ।

9) ਸਬੰਧਤ ਨਗਰ ਸੁਧਾਰ ਟਰੱਸਟਾਂ ਵੱਲੋਂ ਇਸ ਪਾਲਿਸੀ ਨੂੰ ਅਡਾਪਟ ਕਰਕੇ ਖੁੱਲ੍ਹਾਂ ਪਰਚਾਰ ਕੀਤਾ ਜਾਵੇ, ਤਾਂ ਜੋ ਵੱਧ ਤੋਂ ਵੱਧ ਅਲਾਟੀ ਇਸ ਦਾ ਲਾਭ ਉਠਾ ਸਕਣ।

ਅਧੀਨ ਸਕੱਤਰ, ਸਥਾਨਕ ਸਰਕਾਰ

ਪਿੰਠ.ਅੰ.ਨੰ. 09/01/2024-4ਸਸ2/623-26 ਮਿਤੀ, ਚੰਡੀਗੜ੍ਹ: 01-04-2026

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1) ਨਿੱਜੀ ਸਕੱਤਰ,/ਸਥਾਨਕ ਸਰਕਾਰ ਮੰਤਰੀ, ਪੰਜਾਬ,

2) ਸਥਾਨਕ ਸਰਕਾਰ ਵਿਭਾਗ ਵਿੱਚ ਸਕੱਤਰੇਤ ਅਤੇ ਡਾਇਰੈਕਟੋਰੇਟ ਦੇ ਸਮੂਹ ਅਧਿਕਾਰੀ,

3) ਸਥਾਨਕ ਸਰਕਾਰ ਸਕੱਤਰੇਤ ਅਤੇ ਡਾਇਰੈਕਟਰ ਦੀਆਂ ਸਮੂਹ ਸਾਖਾਵਾਂ ਦੇ ਸੁਪਰਡੰਟ,

4) ਡਾਇਰੈਕਟਰ, ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ ਚੰਡੀਗੜ੍ਹ।

ਅਧੀਨ ਸਕੱਤਰ, ਸਥਾਨਕ ਸਰਕਾਰ